# ਦਫਤਰ ਜ਼ਿਲਾ ਸਿੱਖਿਆ ਅਫਸਰ (ਸੈਸਿ) ਮਾਨਸਾ

ਪੱਤਰ ਨੰ: ਭਾਨਮਾ/2018/001
ਮਿਤੀ: 03/01/18

# ਬੇਟੀ ਬਚਾਉ- ਬੇਟੀ ਪੜ੍ਹਾਉ

**ਬੇਟੀ ਬਚਾਉ ਬੇਟੀ ਪੜ੍ਹਾਉ** ਮੁਹਿੰਮ ਤਹਿਤ ਛੇਵੀਂ ਤੋਂ ਬਾਰ੍ਹਵੀਂ ਤੱਕ ਦੀਆਂ ਵਿਦਿਆਰਥਣਾਂ ਦੇ ਅੰਗਰੇਜ਼ੀ,ਸਮਾਜਿਕ ਸਿੱਖਿਆ,ਵਿਗਿਆਨ ਗਣਿਤ ਅਤੇ ਆਮ ਗਿਆਨ ਵਿਸ਼ਿਆਂ ਦੇ ਮੁਕਾਬਲੇ ਕਰਵਾਏ ਜਾਣੇ ਹਨ ।ਇਹ ਪ੍ਰੋਗਾਰਮ ਕਲੱਸਟਰ/ਤਹਿਸੀਲ/ਜਿਲ੍ਹਾ ਪੱਧਰ ਤੱਕ ਕਰਵਾਇਆ ਜਾਵੇਗਾ। ਸਮੂਹ ਸਕੂਲ ਮੁਖੀ ਇਸ ਪ੍ਰੋਗਰਾਮ ਚ ਵਿਦਿਆਰਥਣਾਂ ਦੀ ਸ਼ਮੂਲੀਅਤ ਕਰਵਾਉਣੀ ਯਕੀਨੀ ਬਣਾਉਣ।

## ਮੁਕਾਬਲੇ ਲਈ ਨਿਯਮ ਤੇ ਸਮਾਂ ਸਾਰਨੀ

1. ਮੁਕਾਬਲੇ ਲਈ ਤਿੰਨ ਵਰਗ ਮਿਡਲ ,ਹਾਈ ਤੇ ਸੈਕੰਡਰੀ ਹੋਣਗੇ।ਹਰ ਵਰਗ ਦੀ ਟੀਮ 'ਚ ਕੇਵਲ ਦੋ ਵਿਦਿਆਰਥਣਾਂ ਨੂੰ ਹੀ ਮੁਕਾਬਲੇ ਵਿੱਚ ਹਿੱਸਾ ਲੈਣ ਲਈ ਭੇਜਿਆ ਜਾਵੇਗਾ ਪਰੰਤੂ ਇੱਕ ਜਮਾਤ 'ਚੋਂ ਕੇਵਲ ਇੱਕ ਹੀ ਵਿਦਿਆਰਥਣ ਹਿੱਸਾ ਲਵੇਗੀ।
2. ਪ੍ਰੋਗਰਾਮ ਬੇਟੀ ਬਚਾਉ ਬੇਟੀ ਪੜ੍ਹਾਉ ਨੂੰ ਸਮਰਪਿਤ ਹੋਣ ਕਰਕੇ ਇਹ ਪ੍ਰੀਖਿਆ ਨਿਰੋਲ ਲੜਕੀਆਂ ਲਈ ਹੈ।
3. ਪ੍ਰਸ਼ਨ ਪੱਤਰ ਜਿਲ੍ਹਾ ਸਿੱਖਿਆ ਦਫਤਰ ਵੱਲੋਂ ਸੀਲਡ ਕਵਰ 'ਚ ਮੁਹੱਈਆ ਕਰਵਾਏ ਜਾਣਗੇ।
4. ਮਿਡਲ ਲਈ ਛੇਵੀਂ ਤੋਂ ਅੱਠਵੀਂ ਤੱਕ, ਹਾਈ ਲਈ ਨੌਵੀਂ ਅਤੇ ਦਸਵੀਂ ਜਮਾਤਾਂ ਅਤੇ ਸੈਕੰਡਰੀ ਲਈ 11ਵੀਂ ਤੇ 12ਵੀਂ ਜਮਾਤਾਂ ਦੇ ਪਾਠਕ੍ਰਮ ਚੋਂ ਦਸੰਬਰ ਤੱਕ ਕਰਵਾਏ ਪਾਠਕ੍ਰਮ 'ਚੋਂ ਨਿਮਨ ਅਨੁਸਾਰ ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ ਅਤੇ ਹਰ ਠੀਕ ਪ੍ਰਸ਼ਨ ਦਾ ਇੱਕ ਅੰਕ ਹੋਵੇਗਾ ਅਤੇ ਬਹੁ-ਵਿਕਲਪੀ 50 ਪ੍ਰਸ਼ਨਾਂ ਨੂੰ 60 ਮਿੰਟਾਂ 'ਚ ਹੱਲ ਕਰਨਾ ਹੋਵੇਗਾ।ਦੋ ਟੀਮਾਂ ਦੇ ਨੰਬਰ ਬਰਾਬਰ ਆਉਣ ਤੇ ਪ੍ਰੀਖਿਆ ਕੋਆਰਡੀਨੇਟਰ ਕੁਇਜ਼ ਦੇ ਦੋ ਰਾਊਡਾਂ ਰਾਂਹੀ ਦੁਬਾਰਾ ਰਿਜ਼ਲਟ ਤਿਆਰ ਕਰਨਗੇ।

| ਵਰਗ | ਅੰਗਰੇਜ਼ੀ | ਸਸ | ਵਿਗਿਆਨ | ਗਣਿਤ | ਆਮ ਗਿਆਨ | ਕੁੱਲ ਅੰਕ |
|---|---|---|---|---|---|---|
| ਮਿਡਲ | 10 | 10 | 10 | 10 | 10 | 50 |
| ਹਾਈ | 10 | 10 | 10 | 10 | 10 | 50 |

**ਸੈਕੰਡਰੀ ਵਰਗ**

| ਇਤਿਹਾਸ | ਰਾਜਨੀਤੀ ਸ਼ਾਸ਼ਤਰ | ਭੂਗੋਲ | ਅੰਗਰੇਜ਼ੀ | ਆਮ ਗਿਆਨ | ਕੁੱਲ ਅੰਕ |
|---|---|---|---|---|---|
| 10 | 10 | 10 | 10 | 10 | 50 |

5. ਸਬੰਧਿਤ ਕਲੱਸਟਰ ਮੁਖੀ ਪ੍ਰੀਖਿਆ ਦੇ ਕੋਆਰਡੀਨੇਟਰ ਹੋਣਗੇ 30 ਵਿਦਿਆਰਥਣਾਂ ਲਈ ਇੱਕ ਨਿਗਰਾਨ ਪੀ.ਟੀ.ਆਈ ਜਾਂ ਆਰਟ ਕਰਾਫਟ ਅਧਿਆਪਕਾਂ ਨੂੰ ਹੀ ਲਗਾਇਆ ਜਾਵੇ । ਪ੍ਰੀਖਿਆ ਦਾ ਸੰਚਾਲਨ ਤੇ ਮੁਲਾਂਕਣ ਪੂਰੀ ਨਿਰਪੱਖਤਾ ਨਾਲ ਕੀਤਾ ਜਾਵੇ।
6. ਕਲੱਸਟਰ ਮੁਕਾਬਲੇ ਲਈ 3000 ਅਤੇ ਤਹਿਸੀਲ ਲਈ 6000 ਰੁਪਏ ਸਬੰਧਿਤ ਸਕੂਲਾਂ ਨੂੰ ਟਰਾਂਸਫਰ ਕਰ ਦਿੱਤੇ ਹਨ ਉਹਨਾਂ ਦਾ ਖਰਚ ਨਿਮਨ ਅਨੁਸਾਰ ਕੀਤਾ ਜਾਵੇ ਅਤੇ ਖਰਚੇ ਦੀਆਂ ਰਸੀਦਾਂ ਤੇ ਬਿੱਲ ਸਕੂਲ ਰਿਕਾਰਡ ਚ ਸਾਂਭ ਕੇ ਰੱਖੇ ਜਾਣ ਤਾਂ ਜੋ ਲੋੜ ਪੈਣ ਤੇ ਕੰਮ ਆ ਸਕਣ ।ਖਰਚ ਨਿਮਨ ਅਨੁਸਾਰ ਕੀਤਾ ਜਾਵੇ।

| ਵਰਗ | ਪਹਿਲਾ ਇਨਾਮ | ਦੂਸਰਾ ਇਨਾਮ | ਤੀਸਰਾ ਇਨਾਮ |
|---|---|---|---|
| ਮਿਡਲ | 300+ਸਰਟੀਫਿਕੇਟ | 200+ਸਰਟੀਫਿਕੇਟ | 100+ਸਰਟੀਫਿਕੇਟ |
| ਹਾਈ | 300+ਸਰਟੀਫਿਕੇਟ | 200+ਸਰਟੀਫਿਕੇਟ | 100+ਸਰਟੀਫਿਕੇਟ |
| ਸੈਕੰਡਰੀ | 300+ਸਰਟੀਫਿਕੇਟ | 200+ਸਰਟੀਫਿਕੇਟ | 100+ਸਰਟੀਫਿਕੇਟ |

ਕਲੱਸਟਰ ਪੱਧਰ 'ਤੇ ਜਾਰੀ ਬਾਕੀ ਰਾਸ਼ੀ ਬੱਚਿਆਂ ਨੂੰ ਰਿਫਰੈਸ਼ਮੈਂਟ ਤੇ ਸਥਾਨਕ ਪ੍ਰਬੰਧਾਂ ਲਈ ਖਰਚ ਲਈ ਜਾਵੇ ।

ਮਿਤੀ 03/01/18
ਮਾਨਸਾ

## ਤਹਿਸੀਲ ਪੱਧਰ 'ਤੇ ਇਨਾਮ

| ਵਰਗ | ਪਹਿਲਾ ਇਨਾਮ | ਦੂਸਰਾ ਇਨਾਮ | ਤੀਸਰਾ ਇਨਾਮ |
|---|---|---|---|
| ਮਿਡਲ | 600+ਸਰਟੀਫਿਕੇਟ | 500+ਸਰਟੀਫਿਕੇਟ | 400+ਸਰਟੀਫਿਕੇਟ |
| ਹਾਈ | 600+ਸਰਟੀਫਿਕੇਟ | 500+ਸਰਟੀਫਿਕੇਟ | 400+ਸਰਟੀਫਿਕੇਟ |
| ਸੈਕੰਡਰੀ | 600+ਸਰਟੀਫਿਕੇਟ | 500+ਸਰਟੀਫਿਕੇਟ | 400+ਸਰਟੀਫਿਕੇਟ |

ਤਹਿਸੀਲ ਪੱਧਰ 'ਤੇ ਜਾਰੀ ਬਾਕੀ ਰਾਸ਼ੀ ਦੀ ਬੱਚਿਆਂ ਨੂੰ ਰਿਫਰੈਸ਼ਮੈਂਟ ਤੇ ਸਥਾਨਕ ਪ੍ਰਬੰਧਾਂ ਲਈ ਖਰਚ ਲਈ ਜਾਵੇ ।
ਅਪਰ-ਪ੍ਰਾਇਮਰੀ ਗੁਣਾਤਮਿਕ ਸੁਧਾਰ ਟੀਮਾਂ ਦੇ ਡੀ.ਐਮਜ਼ ਤੇ ਬੀ.ਐਮਜ਼ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਸਹਿਯੋਗ ਕਰਨਗੇ ।

| ਪੱਧਰ | ਮਿਤੀ | ਸਮਾਂ | ਸਥਾਨ |
|---|---|---|---|
| ਕਲੱਸਟਰ | 9-01-18 | 1:00 ਤੋਂ 2-00 **(ਬਾਅਦ ਦੁਪਹਿਰ)** | ਸਬੰਧਿਤ ਕਲੱਸਟਰ ਸਕੂਲ |
| **ਤਹਿਸੀਲ ਪੱਧਰ** | | | |
| **ਮਾਨਸਾ** | **12-01-18** | **1:00 ਤੋਂ 2-00 (ਬਾਅਦ ਦੁਪਹਿਰ)** | **ਸਸਸ(ਕੁੜੀਆਂ) ਮਾਨਸਾ** |
| **ਬੁਢਲਾਡਾ** | **12-01-18** | **1:00 ਤੋਂ 2-00(ਬਾਅਦ ਦੁਪਹਿਰ)** | **ਸਸਸ(ਕੁੜੀਆਂ) ਬੁਢਲਾਡਾ** |
| **ਸਰਦੂਲਗੜ੍ਹ** | **12-01-18** | **1:00 ਤੋਂ 2-00(ਬਾਅਦ ਦੁਪਹਿਰ)** | **ਸਸਸ(ਕੁੜੀਆਂ)ਸਰਦੂਲਗੜ੍ਹ** |

**ਸਮੂਹ ਕੋਆਰਡੀਨੇਟਰ ਪ੍ਰੀਖਿਆ ਸਮਾਪਤੀ ਤੋਂ ਬਾਅਦ ਤਰੁੰਤ ਨਤੀਜਾ ਤਿਆਰ ਕਰਕੇ ਮੁਕਾਬਲੇ ਦੀਆਂ ਫੋਟੋਆਂ ਸਮੇਤ ਤਰੁੰਤ jaurkianbs@gmail.com ਤੇ ਈ-ਮੇਲ ਕੀਤੀ ਜਾਵੇ।**

**ਜ਼ਿਲਾ ਸਿੱਖਿਆ ਅਫਸਰ (ਸੈਸਿ)**
**ਮਾਨਸਾ**

Pn39 03/01/18.